# ਸੂਚਨਾ: ਵਿਜ਼ਟਰ ਪੌਲਸੀ

## ਜਿਹੜੇ ਬੀਮਾਰ ਹਨ ਜਾਂ ਆਪਣੇ ਆਪ ਨੂੰ ਅਲੱਗ ਰੱਖ ਰਹੇ ਹਨ: ਅੰਦਰ ਨਾ ਆਉ

### ਜ਼ਰੂਰੀ ਵਿਜ਼ਟਾਂ

ਹਮਦਰਦੀ ਵਾਲੀ ਸੰਭਾਲ ਲਈ ਵਿਜ਼ਟਾਂ (ਜਿਵੇਂ ਕਿ ਕੋਈ ਗੰਭੀਰ ਬੀਮਾਰੀ, ਹੌਸਪਿਸ ਵਿਚ ਸੰਭਾਲ, ਜ਼ਿੰਦਗੀ ਦੇ ਅੰਤ ਵਿਚ ਅਤੇ ਮਰਨ ਵਿਚ ਮੈਡੀਕਲ ਸਹਾਇਤਾ)।

ਮਰੀਜ਼/ਕਲਾਇੰਟ ਦੀ ਸੰਭਾਲ ਅਤੇ ਭਲਾਈ ਲਈ ਜ਼ਰੂਰੀ ਵਿਜ਼ਟਾਂ, ਜਿਨ੍ਹਾਂ ਵਿਚ ਇਹ ਸ਼ਾਮਲ ਹਨ:

- ਖਾਣ, ਹਿਲਜੁੱਲ ਕਰਨ ਅਤੇ ਨਿੱਜੀ ਸੰਭਾਲ ਵਿਚ ਮਦਦ।
- ਅਪਾਹਜਤਾਵਾਂ ਵਾਲੇ ਜਾਂ ਬੁੱਧੀ ਦੇ ਵਿਗਾੜ ਵਾਲੇ ਲੋਕਾਂ ਲਈ ਗੱਲਬਾਤ ਕਰਨ ਅਤੇ ਫੈਸਲੇ ਕਰਨ ਵਿਚ ਮਦਦ।

ਦੱਸੇ ਮੁਤਾਬਕ ਸੇਵਾਵਾਂ ਪ੍ਰਦਾਨ ਕਰ ਰਹੇ ਪਹਿਲਾਂ ਹੀ ਰਜਿਸਟਰ ਹੋਏ ਵਾਲੰਟੀਅਰ।

*ਜ਼ਰੂਰੀ ਵਿਜ਼ਟਾਂ ਇਕ ਸਮੇਂ ਇਕ ਵਿਜ਼ਟਰ ਤੱਕ ਹੀ ਸੀਮਤ ਹਨ। ਦਰਦ ਘਟਾਉਣ ਵਾਲੀ ਅਤੇ ਜ਼ਿੰਦਗੀ ਦੇ ਅੰਤ ਵਾਲੀ ਸੰਭਾਲ ਲਈ, ਇਕ ਵੇਲੇ ਇਕ ਨਾਲੋਂ ਜ਼ਿਆਦਾ ਵਿਜ਼ਟਰਾਂ ਦੀ ਆਗਿਆ ਦਿੱਤੀ ਜਾ ਸਕਦੀ ਹੈ।

### ਮਿਲਣ ਲਈ ਵਿਜ਼ਟਾਂ

ਵਸਨੀਕ ਦੇ ਪਰਿਵਾਰ ਦੇ ਕਿਸੇ ਮੈਂਬਰ ਜਾਂ ਦੋਸਤ ਵਲੋਂ ਕੀਤੀਆਂ ਜਾਣ ਵਾਲੀਆਂ ਵਿਜ਼ਟਾਂ

ਸਿਰਫ ਚੁਣਿਆ ਗਿਆ ਪਰਿਵਾਰ ਦਾ ਇਕ ਮੈਂਬਰ ਜਾਂ ਦੋਸਤ ਆ ਸਕਦਾ ਹੈ।

ਹਰ ਵਿਜ਼ਟਰ ਲਈ ਇਹ ਕਰਨਾ ਜ਼ਰੂਰੀ ਹੈ:

- ਸਥਾਨ ਦੇ ਸਟਾਫ ਨਾਲ ਵਿਜ਼ਟ ਦਾ ਸਮਾਂ ਅਗਾਊਂ ਮਿੱਥਣਾ।
- ਮਿਲਣ ਲਈ ਮਿੱਥੀਆਂ ਗਈਆਂ ਥਾਂਵਾਂ ’ਤੇ ਮੇਲਜੋਲ ਕਰਨਾ।

*ਮਿਲਣ ਲਈ ਵਿਜ਼ਟਾਂ ਦੀ ਸਿਰਫ ਤਾਂ ਹੀ ਆਗਿਆ ਹੈ ਜੇ ਸਥਾਨ ਵਿਚ ਕੋਵਿਡ-19 ਨਹੀਂ ਫੈਲਿਆ ਹੋਇਆ ਹੈ।

**ਸਾਰੇ ਵਿਜ਼ਟਰਾਂ ਲਈ ਮਾਸਕ ਪਾਉਣਾ, ਵਿਜ਼ਟ ਕਰਨ ਤੋਂ ਪਹਿਲਾਂ ਅਤੇ ਬਾਅਦ ਵਿਚ ਹੱਥ ਧੋਣਾ (ਸਾਬਣ ਅਤੇ ਪਾਣੀ ਨਾਲ ਜਾਂ ਅਲਕੋਹਲ ਵਾਲੇ ਹੈਂਡ ਸੈਨੇਟਾਈਜ਼ਰ ਨਾਲ) ਅਤੇ ਦੂਜਿਆਂ ਤੋਂ ਦੋ ਮੀਟਰਾਂ ਦਾ ਫਾਸਲਾ ਰੱਖਣਾ ਜ਼ਰੂਰੀ ਹੈ।**

ਫੌਰੀ ਸਹਾਇਤਾ ਲਈ, ਪਰਿਵਾਰ ਦੇ ਮੈਂਬਰ ਅਤੇ ਵਿਜ਼ਟਰ ਹੇਠਾਂ ਦਿੱਤੇ ਨੰਬਰ ’ਤੇ ਫੋਨ ਕਰ ਸਕਦੇ ਹਨ:

Vancouver CoastalHealth

[Punjabi]